## How can I avoid becoming infected or passing on the virus to others?

### Medical or dental treatment

If you do need medical or dental treatment while you are abroad:

- Ensure that any medical equipment is sterilised or is taken from a sealed pack;
- Only have medical treatment if it is absolutely essential – doctors in some countries may give injections when they are not really needed;
- If you need a blood transfusion, ask for screened blood

### Tattooing, ear or body piercing or acupuncture

Check that all the equipment such as needles and inkpots are sterile and are not being used on more than one person.

### Sharing of toothbrushes and razors

Don't share razors or toothbrushes, as they could have blood on them from someone who has the virus.

### Unprotected sex

If you, or your partner, have hepatitis C, there is a small risk that it could be passed on during sex. Condoms will reduce this risk and will also help to protect you against unwanted pregnancy, HIV and other sexually transmitted infections.

## ਇਹ ਟੈਸਟ ਕਿੱਥੇ ਕਰਵਾਇਆ ਜਾ ਸਕਦਾ ਹੈ?

ਤੁਹਾਡਾ ਡਾਕਟਰ ਜਾਂ ਨਰਸ ਹੈਪੇਟਾਈਟਿਸ ਸੀ ਦਾ ਟੈਸਟ ਕਰ ਸਕਦੇ ਹਨ।

## ਕੀ ਹੈਪੇਟਾਈਟਿਸ ਸੀ ਦੀ ਕੋਈ ਵੈਕਸੀਨ (ਰੋਕਥਾਮ ਕਰਨ ਵਾਲਾ ਟੀਕਾ) ਹੈ?

ਨਹੀਂ, ਇਸ ਵੇਲੇ ਹੈਪੇਟਾਈਟਿਸ ਸੀ ਤੋਂ ਤੁਹਾਡਾ ਬਚਾਓ ਕਰਨ ਲਈ ਕੋਈ ਵੈਕਸੀਨ ਨਹੀਂ। ਹੈਪੇਟਾਈਟਿਸ ਏ ਅਤੇ ਹੈਪੇਟਾਈਟਿਸ ਬੀ ਤੋਂ ਬਚਾਓ ਕਰਨ ਲਈ ਵੈਕਸੀਨਾਂ ਹਨ।

## ਕੀ ਇਹਦਾ ਇਲਾਜ ਕੀਤਾ ਜਾ ਸਕਦਾ ਹੈ?

ਦਵਾਈ ਨਾਲ ਇਲਾਜ ਕੀਤਾ ਜਾ ਸਕਦਾ ਹੈ, ਜੋ ਇਲਾਜ ਕਰਵਾਉਣ ਵਾਲਿਆਂ ਵਿਚੋਂ ਔਸਤਨ ਅੱਧਿਆਂ ਤੋਂ ਵੱਧ ਲਈ ਅਸਰਦਾਈ ਹੁੰਦਾ ਹੈ। ਕੁਝ ਕਿਸਮਾਂ ਦੇ ਵਾਇਰਸ ਲਈ ਇਹ ਵੱਧ ਸਫਲ ਹੁੰਦਾ ਹੈ। ਤੁਹਾਡਾ ਡਾਕਟਰ ਜਾਂ ਖ਼ਾਸ ਮਾਹਿਰ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਇਲਾਜ ਕਰਵਾਉਣਾ ਠੀਕ ਹੋਏਗਾ।

## ਮੈਂ ਇਸ ਵਾਇਰਸ ਤੋਂ ਕਿਵੇਂ ਬਚ ਸਕਦਾ/ਸਕਦੀ ਹਾਂ, ਜਾਂ ਆਪਣਾ ਵਾਇਰਸ ਹੋਰਨਾਂ ਤਕ ਜਾਣੋਂ ਕਿਵੇਂ ਰੋਕ ਸਕਦਾ/ਸਕਦੀ ਹਾਂ?

### ਡਾਕਟਰੀ ਅਤੇ ਦੰਦਾਂ ਦਾ ਇਲਾਜ

ਜੇ ਵਿਦੇਸ਼ਾਂ ਵਿਚ ਤੁਹਾਨੂੰ ਡਾਕਟਰੀ ਇਲਾਜ ਜਾਂ ਦੰਦਾਂ ਦੇ ਇਲਾਜ ਦੀ ਲੋੜ ਪੈ ਜਾਏ:

- ਤਾਂ ਖ਼ਾਸ ਖ਼ਿਆਲ ਰੱਖੋ ਕਿ ਡਾਕਟਰੀ ਸਾਮਾਨ ਸਾਫ਼ ਕੀਤਾ ਗਿਆ ਹੋਵੇ ਜਾਂ ਬੰਦ ਪੈਕ ਵਿਚੋਂ ਕੱਢਿਆ ਜਾਏ।
- ਡਾਕਟਰੀ ਇਲਾਜ ਤਦ ਹੀ ਕਰਵਾਓ ਜੇ ਇਹ ਅਤੀ ਜ਼ਰੂਰੀ ਹੋਵੇ - ਕਈ ਦੇਸ਼ਾਂ ਵਿਚ ਡਾਕਟਰ ਉਸ ਵੇਲੇ ਵੀ ਟੀਕੇ ਲਾ ਦਿੰਦੇ ਹਨ ਜਦ ਇਹਨਾਂ ਦੀ ਅਸਲ ਵਿਚ ਕੋਈ ਲੋੜ ਨਹੀਂ ਹੁੰਦੀ।
- ਜੇ ਤੁਹਾਨੂੰ ਖ਼ੂਨ ਚੜ੍ਹਵਾਉਣ ਦੀ ਲੋੜ ਪੈ ਹੀ ਜਾਏ ਤਾਂ ਉਹ ਖ਼ੂਨ ਮੰਗੋ ਜਿਹਦੀ ਜਾਂਚ ਪੜਤਾਲ ਕੀਤੀ ਗਈ ਹੋਵੇ।

### ਟੈਟੂ ਕਰਵਾਉਣਾ, ਕੰਨ ਜਾਂ ਸਰੀਰ ਦੇ ਹਿੱਸੇ ਵਿੰਨ੍ਹਵਾਉਣਾ ਜਾਂ ਆਕਿਊਪੰਕਚਰ

ਪਤਾ ਕਰੋ ਕਿ ਕੀ ਲੋੜੀਂਦਾ ਸਾਮਾਨ ਅਤੇ ਰੰਗਾਂ ਦੀਆ ਸ਼ੀਸ਼ੀਆਂ ਵਗ਼ੈਰਾ ਸਾਫ਼ ਹਨ ਅਤੇ ਇਹਨਾਂ ਦੀ ਵਰਤੋਂ ਇਕ ਤੋਂ ਵੱਧ ਵਾਰੀ ਤਾਂ ਨਹੀਂ ਕੀਤੀ ਜਾਂਦੀ।

### ਟੁਥਬੁਰਸ਼ ਅਤੇ ਉਸਤਰੇ ਸਾਂਝੇ ਕਰਨਾ

ਉਸਤਰੇ ਅਤੇ ਟੁਥਬੁਰਸ਼ ਹੋਰਨਾਂ ਨਾਲ ਸਾਂਝੇ ਨਾ ਕਰੋ, ਕਿਉਂਕਿ ਇਹਨਾਂ 'ਤੇ ਹੈਪੇਟਾਈਟਿਸ ਸੀ ਵਾਲੇ ਕਿਸੇ ਵਿਅਕਤੀ ਦਾ ਖ਼ੂਨ ਹੋ ਸਕਦਾ ਹੈ।

### ਬਿਨਾਂ ਹਿਫ਼ਾਜ਼ਤ ਸੰਭੋਗ ਕਰਨਾ

ਜੇ ਤੁਹਾਨੂੰ ਜਾਂ ਤੁਹਾਡੇ ਸੰਭੋਗ ਸਾਥੀ/ਸਾਥਣ ਨੂੰ ਹੈਪੇਟਾਈਟਿਸ ਸੀ ਹੈ, ਤਾਂ ਸੰਭੋਗ ਵੇਲੇ ਇਹ ਵਾਇਰਸ ਦੂਸਰੇ ਨੂੰ ਲੱਗਣ ਦਾ ਮਾਮੂਲੀ ਖ਼ਤਰਾ ਹੋ ਸਕਦਾ ਹੈ। ਕੌਂਡੋਮ (ਨਿਰੋਧ) ਦੀ ਵਰਤੋਂ ਕਰਨ ਨਾਲ ਇਹ ਖ਼ਤਰਾ ਘਟ ਜਾਂਦਾ ਹੈ। ਕੌਂਡੋਮ ਦੀ ਵਰਤੋਂ ਕਰਨ ਨਾਲ ਤੁਸੀਂ ਅਣਚਾਹੇ ਗਰਭ, ਐਚ ਆਈ ਵੀ ਅਤੇ ਸੰਭੋਗ ਨਾਲ ਲੱਗਣ ਵਾਲੇ ਹੋਰ ਰੋਗਾਂ ਤੋਂ ਵੀ ਬਚ ਸਕਦੇ ਹੋ।

293615 1p 52.5K March 09 (MRP)

## Information and support

If you have any worries or questions, you can talk to your doctor, nurse or call the hepatitis C information line on **0800 181 4774** to speak to an advisor in your language in confidence. Textphone **0800 0850 859**. You can also visit the NHS hepatitis C website: **www.nhs.uk/hepc/southasian**

## ਜਾਣਕਾਰੀ ਅਤੇ ਮਦਦ

ਜੇ ਤੁਹਾਨੂੰ ਕੋਈ ਚਿੰਤਾ ਹੈ, ਜਾਂ ਜੇ ਤੁਸੀਂ ਕੋਈ ਗੱਲ ਪੁੱਛਣੀ ਹੈ, ਤਾਂ ਤੁਸੀਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰ ਸਕਦੇ ਹੋ, ਜਾਂ ਹੈਪੇਟਾਈਟਿਸ ਸੀ ਦੀ ਇਸ ਇਨਫ਼ਰਮੇਸ਼ਨ ਲਾਈਨ 'ਤੇ ਰਾਜ਼ਦਾਰੀ ਨਾਲ ਆਪਣੀ ਭਾਸ਼ਾ ਵਿਚ ਫ਼ੋਨ ਨੰਬਰ **0800 181 4774** 'ਤੇ ਗੱਲ ਕਰ ਸਕਦੇ ਹੋ, ਟੈਕਸਟਫ਼ੋਨ ਨੰਬਰ **0800 0850 859** 'ਤੇ ਵੀ ਰਾਬਤਾ ਕਰ ਸਕਦੇ ਹੋ, ਜਾਂ ਐਨ ਐਚ ਐੱਸ ਦੀ ਹੈਪੇਟਾਈਟਿਸ ਸੀ ਵੈੱਬਸਾਈਟ **www.nhs.uk/hepc/southasian** 'ਤੇ ਜਾ ਸਕਦੇ ਹੋ।

# Hepatitis C

**The more you know, the better.**

# ਹੈਪੇਟਾਈਟਿਸ ਸੀ

**ਜਿੰਨਾ ਵੱਧ ਤੁਹਾਨੂੰ ਪਤਾ ਹੋਏਗਾ, ਉੰਨਾ ਹੀ ਚੰਗਾ ਹੈ।**

Punjabi

NHS

Hepatitis C

The more you know, the better.

ਹੈਪੇਟਾਈਟਿਸ ਸੀ

ਜਿੰਨਾ ਵੱਧ ਤੁਹਾਨੂੰ ਪਤਾ ਹੋਏਗਾ, ਉੰਨਾ ਹੀ ਚੰਗਾ ਹੈ।

Hepatitis C

The more you know the better

ਹੈਪੇਟਾਈਟਿਸ ਸੀ

ਜਿੰਨਾ ਵੱਧ ਤੁਹਾਨੂੰ ਪਤਾ ਹੋਏਗਾ, ਉੰਨਾ ਹੀ ਚੰਗਾ ਹੈ।

## What is hepatitis C?

Hepatitis C is a virus that can damage the liver. Unlike hepatitis A and B, there is no vaccine to protect against hepatitis C infection, but effective treatment is available.

## How could I get hepatitis C?

Hepatitis C is carried in the blood. The virus is mainly spread through contact with the blood of a person who has hepatitis C. You can't catch it through everyday contact such as holding hands or hugging and kissing, or through sharing toilets, plates, cups or kitchen utensils.

Hepatitis C can be passed on in a number of ways:

- During medical and dental treatment abroad in countries where hepatitis C is common and where infection control measures may not be effective. (This includes having blood transfusions, blood products, or organ or tissue transplants where the donors or donations have not been screened for hepatitis C).
- By having a tattoo, an ear piercing, a body piercing or acupuncture with equipment that is not sterile.
- By sharing razors, toothbrushes or needles and syringes which have been contaminated with blood from someone who has the virus.
- From a mother with hepatitis C to her baby, before or during the birth.
- Through a blood transfusion (before September 1991) or blood products like clotting factors (before 1986) in the UK. All blood in the UK is now screened for hepatitis C.
- Through unprotected sex (without a condom) with someone who has the virus.
- By sharing equipment for injecting drugs, even if you only did this once or twice a long time ago.

See your doctor or nurse if you think you could have been in contact with the virus in any of these ways.

## What are the symptoms?

Most people who have hepatitis C virus have no signs or symptoms at all for many years. But even if you have no symptoms, you may still be developing liver damage and can still pass the virus onto others.

## How might the virus affect me in the long term?

Around one in four people who become infected with hepatitis C will get rid of the virus naturally. However, most people who become infected will have the virus for a long time. People with long-term infection are at risk of developing severe liver damage (cirrhosis) after many years. Cirrhosis can lead to liver cancer or liver failure. There is effective treatment available that can prevent this.

## How do I know if I have the virus?

If you think you could have been in contact with the hepatitis C virus at any time in the past, you can ask your GP for a test to find out if you have been infected.

## Where can I get a test?

Your doctor or nurse will be able to test you for hepatitis C.

## Is there a vaccine for hepatitis C?

No, at present there is no vaccine to prevent you becoming infected with hepatitis C. There are vaccines to protect against hepatitis A and B.

## Is treatment available?

A form of drug therapy is available that is effective, on average, in more than half of people treated. Success rates are higher with some types of the virus. Your doctor and specialist will discuss with you whether treatment is appropriate.

## ਹੈਪੇਟਾਈਟਿਸ ਸੀ ਕੀ ਹੈ?

ਹੈਪੇਟਾਈਟਿਸ ਸੀ ਵਾਇਰਸ ਹੈ ਜੋ ਜਿਗਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹਤੋਂ ਬਚਾਓ ਕਰਨ ਲਈ ਹੈਪੇਟਾਈਟਸ ਏ ਅਤੇ ਹੈਪੇਟਾਈਟਿਸ ਬੀ ਵਰਗੀ ਕੋਈ ਵੈਕਸੀਨ ਨਹੀਂ, ਪਰ ਇਹਦਾ ਅਸਰਦਾਈ ਇਲਾਜ ਕੀਤਾ ਜਾ ਸਕਦਾ ਹੈ।

## ਮੈਨੂੰ ਹੈਪੇਟਾਈਟਿਸ ਸੀ ਕਿਵੇਂ ਲਗ ਸਕਦਾ ਹੈ?

ਹੈਪੇਟਾਈਟਿਸ ਸੀ ਖ਼ੂਨ ਵਿਚ ਹੁੰਦਾ ਹੈ। ਆਮ ਤੌਰ ’ਤੇ ਕਿਸੇ ਬੀਮਾਰ ਵਿਅਕਤੀ ਦੇ ਖ਼ੂਨ ਨਾਲ ਸੰਪਰਕ ਹੋਣ ਨਾਲ ਇਹ ਵਾਇਰਸ ਹੋਰਨਾਂ ਨੂੰ ਲਗਦਾ ਹੈ। ਕਿਸੇ ਨਾਲ ਹੱਥ ਮਿਲਾਉਣ, ਕਿਸੇ ਨੂੰ ਜੱਫੀ ਪਾਉਣ ਜਾਂ ਚੁੰਮਣ ਨਾਲ, ਜਾਂ ਕਿਸੇ ਨਾਲ ਟਾਇਲਟ, ਪਲੇਟਾਂ, ਕੱਪ ਜਾਂ ਕਿਚਨ ਦੇ ਭਾਂਡੇ ਸਾਂਝੇ ਕਰਨ ਵਰਗੇ ਆਮ ਰੋਜ਼ਾਨਾ ਸੰਪਰਕ ਨਾਲ ਇਹ ਤੁਹਾਨੂੰ ਨਹੀਂ ਲਗ ਸਕਦਾ।

ਹੈਪੇਟਾਈਟਿਸ ਸੀ ਕਈ ਢੰਗਾਂ ਨਾਲ ਹੋਰਨਾਂ ਨੂੰ ਲਗ ਸਕਦਾ ਹੈ।

- ਉਹਨਾਂ ਦੇਸ਼ਾਂ ਵਿਚ ਡਾਕਟਰੀ ਇਲਾਜ ਅਤੇ ਦੰਦਾਂ ਦਾ ਇਲਾਜ ਕਰਵਾਉਣ ਨਾਲ ਜਿੱਥੇ ਹੈਪੇਟਾਈਟਿਸ ਸੀ ਆਮ ਹੁੰਦਾ ਹੈ ਅਤੇ ਜਿੱਥੇ ਰੋਗ ਹੋਰਨਾਂ ਨੂੰ ਲੱਗਣੋਂ ਰੋਕਣ ਦੇ ਢੰਗ ਅਸਰਦਾਈ ਨਹੀਂ। (ਇਸ ਵਿਚ ਖ਼ੂਨ ਚੜ੍ਹਾਉਣਾ, ਖ਼ੂਨ ਤੋਂ ਬਣੀਆਂ ਚੀਜ਼ਾਂ, ਜਾਂ ਸਰੀਰ ਦੇ ਉਹ ਅੰਗ ਬਦਲਾਉਣਾ ਜਾਂ ਦਾਨ ਦੇਣਾ ਸ਼ਾਮਿਲ ਹੋ ਸਕਦਾ ਜਿਹਨਾਂ ਦੇ ਦਾਨੀਆਂ ਜਾਂ ਦਾਨ ਕੀਤੀਆਂ ਵਸਤਾਂ ਵਿਚ ਹੈਪੇਟਾਈਟਿਸ ਸੀ ਹੋਣ ਬਾਰੇ ਟੈਸਟ ਨਹੀਂ ਕੀਤੇ ਗਏ।)
- ਅਜਿਹੇ ਸਾਮਾਨ ਨਾਲ ਟੈਟੂ ਕਰਵਾਉਣ (ਸਰੀਰ ’ਤੇ ਤਸਵੀਰਾਂ ਬਣਾਵਾਉਣ), ਕੰਨ ਬਿੰਨ੍ਹਵਾਉਣ, ਸਰੀਰ ਦੇ ਹਿੱਸੇ ਬਿੰਨ੍ਹਵਾਉਣ ਜਾਂ ਆਕਿਊਪੰਕਚਰ ਕਰਵਾਉਣ ਨਾਲ ਜਿਸ ਸਾਮਾਨ ਨੂੰ ਵਾਇਰਸ ਰਹਿਤ ਨਹੀਂ ਕੀਤਾ ਗਿਆ।
- ਅਜਿਹੇ ਉਸਤਰੇ, ਦੰਦਾਂ ਦੇ ਬੁਰਸ਼, ਸੂਈਆਂ ਜਾਂ ਸਿਰਿੰਜਾਂ ਸਾਂਝੀਆਂ ਕਰਨ ਨਾਲ ਜੋ ਇਸ ਵਾਇਰਸ ਵਾਲੇ ਕਿਸੇ ਮਰੀਜ਼ ਦੇ ਵਰਤਣ ਨਾਲ ਗੰਦੀਆਂ ਹੋ ਗਈਆਂ ਹਨ।
- ਬੱਚੇ ਦੇ ਜਨਮ ਤੋਂ ਪਹਿਲਾਂ ਜਾਂ ਜਨਮ ਵੇਲੇ ਹੈਪੇਟਾਈਟਸ ਸੀ ਵਾਲੀ ਮਾਂ ਤੋਂ ਬੱਚੇ ਨੂੰ।
- ਯੂ ਕੇ ਵਿਚ ਖ਼ੂਨ ਚੜ੍ਹਾਉਣ ਨਾਲ (ਸਤੰਬਰ 1991 ਤੋਂ ਪਹਿਲਾਂ) ਜਾਂ ਖ਼ੂਨ ਤੋਂ ਬਣੀਆਂ ਚੀਜ਼ਾਂ ਰਾਹੀਂ, ਜਿਵੇਂ ਕਲੌਟਿੰਗ ਫ਼ੈਕਟਰਜ਼ (1986 ਤੋਂ ਪਹਿਲਾਂ)। ਹੁਣ ਯੂ ਕੇ ਵਿਚ ਸਭ ਖ਼ੂਨ ਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ।
- ਵਾਇਰਸ ਵਾਲੇ/ਵਾਲੀ ਕਿਸੇ ਵਿਅਕਤੀ ਨਾਲ ਹਿਫ਼ਾਜ਼ਤੀ ਢੰਗ (ਕੌਂਡੋਮ ਜਾਂ ਨਿਰੋਧ) ਵਰਤੇ ਬਿਨਾਂ ਸੰਭੋਗ ਕਰਨ ਨਾਲ।
- ਨਸ਼ੇ ਦੇ ਟੀਕੇ ਲਾਉਣ ਵਾਲਾ ਸਾਮਾਨ ਸਾਂਝਾ ਕਰਨ ਨਾਲ, ਭਾਵੇਂ ਤੁਸੀਂ ਇਹ ਕੰਮ ਇਕ ਜਾਂ ਦੋ ਵਾਰ ਹੀ ਬਹੁਤ ਸਮਾਂ ਪਹਿਲਾਂ ਕੀਤਾ ਹੋਵੇ।

ਜੇ ਤੁਹਾਨੂੰ ਜਾਪਦਾ ਹੈ ਕਿ ਇਹਨਾਂ ਵਿਚੋਂ ਕਿਸੇ ਢੰਗ ਨਾਲ ਤੁਹਾਡਾ ਵਾਇਰਸ ਨਾਲ ਸੰਪਰਕ ਹੋ ਗਿਆ ਹੈ, ਤਾਂ ਤੁਸੀਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

## ਇਸ ਰੋਗ ਦੇ ਲੱਛਣ ਕੀ ਹਨ?

ਹੈਪੇਟਾਈਟਿਸ ਸੀ ਦੇ ਵਾਇਰਸ ਵਾਲੇ ਜ਼ਿਆਦਾਤਰ ਲੋਕਾਂ ਵਿਚ ਇਹਦੇ ਕੋਈ ਵੀ ਲੱਛਣ ਨਹੀਂ ਦਿਸਦੇ ਜਾਂ ਕਈ ਸਾਲਾਂ ਤਕ ਗੁੱਝੇ ਰਹਿੰਦੇ ਹਨ। ਪਰ ਜੇ ਲੱਛਣ ਨਾ ਵੀ ਦਿਸਣ ਤਦ ਵੀ ਇਹ ਰੋਗ ਤੁਹਾਥੋਂ ਹੋਰ ਲੋਕਾਂ ਨੂੰ ਲਗ ਸਕਦਾ ਹੈ।

## ਲੰਮੇ ਸਮੇਂ ਲਈ ਇਸ ਵਾਇਰਸ ਦਾ ਮੇਰੇ ’ਤੇ ਕੀ ਅਸਰ ਪੈ ਸਕਦਾ ਹੈ?

ਜਿਹਨਾਂ ਲੋਕਾਂ ਨੂੰ ਇਹ ਵਾਇਰਸ ਲਗਦਾ ਹੈ, ਉਹਨਾਂ ਵਿਚੋਂ ਲੱਗਭਗ ਚੌਥਾ ਹਿੱਸਾ ਲੋਕਾਂ ਵਿਚੋਂ ਇਹ ਆਪਣੇ ਆਪ ਕੁਦਰਤੀ ਤੌਰ ’ਤੇ ਨਿਕਲ ਜਾਂਦਾ ਹੈ। ਪਰ ਜ਼ਿਆਦਾਤਰ ਰੋਗੀਆਂ ਵਿਚ ਇਹ ਬਹੁਤ ਸਮਾਂ ਰਹਿੰਦਾ ਹੈ। ਇਹਦਾ ਅਸਰ ਉਹਨਾਂ ’ਤੇ ਵੱਖ ਵੱਖ ਤਰ੍ਹਾਂ ਪੈ ਸਕਦਾ ਹੈ। ਕਈ ਸਾਲਾਂ ਬਾਅਦ ਲੰਮੇ ਸਮੇਂ ਦੀ ਇਨਫ਼ੈਕਸ਼ਨ ਵਾਲਿਆਂ ਦੇ ਜਿਗਰ ਵਿਚ ਗੰਭੀਰ ਖ਼ਰਾਬੀ (ਸਿਰੋਸਿਸ) ਪੈਦਾ ਹੋ ਸਕਦੀ ਹੈ। ਸਿਰੋਸਿਸ ਨਾਲ ਜਿਗਰ ਦਾ ਕੈਂਸਰ ਹੋ ਸਕਦਾ ਹੈ ਜਾਂ ਜਿਗਰ ਕੰਮ ਕਰਨਾ ਬੰਦ ਕਰ ਸਕਦਾ ਹੈ। ਇਹਨੂੰ ਰੋਕਣ ਲਈ ਅਸਰਦਾਈ ਇਲਾਜ ਕੀਤਾ ਜਾ ਸਕਦਾ ਹੈ।

## ਮੈਨੂੰ ਕਿਵੇਂ ਪਤਾ ਲੱਗੇ ਕਿ ਮੇਰੇ ਅੰਦਰ ਇਹ ਵਾਇਰਸ ਹੈ?

ਜੇ ਤੁਹਾਨੂੰ ਜਾਪਦਾ ਹੈ ਕਿ ਬੀਤੇ ਸਮੇਂ ਵਿਚ ਤੁਹਾਡਾ ਕਦੇ ਹੈਪੇਟਾਈਟਿਸ ਸੀ ਨਾਲ ਸੰਪਰਕ ਹੋਇਆ ਹੈ, ਤਾਂ ਤੁਸੀਂ ਆਪਣੇ ਜੀ ਪੀ ਡਾਕਟਰ ਤੋਂ ਟੈਸਟ ਕਰਵਾ ਕੇ ਪਤਾ ਕਰ ਸਕਦੇ ਹੋ ਕਿ ਕੀ ਤੁਹਾਨੂੰ ਇਹ ਰੋਗ ਹੈ?